ਨੇਪਾਲ ਵਿੱਚ ਅਚਾਨਕ ਆਏ ਹੜ੍ਹ ਵਿੱਚ ਲਾਪਤਾ ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੀ DNA ਪ੍ਰੋਫਾਈਲਿੰਗ

01 ਸਤੰਬਰ 2026 ਨੂੰ ਆਪਣੀ ਪ੍ਰੈੱਸ ਰਿਲੀਜ਼ ਰਾਹੀਂ, ਭਾਰਤ ਦੇ ਦੂਤਾਵਾਸ, ਕਾਠਮੰਡੂ ਨੇ 26 ਅਗਸਤ 2026 ਨੂੰ ਨੇਪਾਲ ਵਿੱਚ ਅਚਾਨਕ ਆਏ ਹੜ੍ਹ ਦੇ ਪੀੜਤਾਂ ਦੇ ਮ੍ਰਿਤਕ ਸਰੀਰ ਦੀ ਪਛਾਣ ਲਈ ਉਪਲਬਧ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਦਿੱਤੀ। ਪ੍ਰੈੱਸ ਰਿਲੀਜ਼ ਨੂੰ ਇੱਥੇ ਦੇਖਿਆ ਜਾ ਸਕਦਾ ਹੈ:

https://www.indembkathmandu.gov.in/media-detail/960

2. ਇਸ ਪਿਛੋਕੜ ਵਿੱਚ, ਅਤੇ ਚੱਲ ਰਹੀ ਪਛਾਣ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਇੱਕ ਅਤਿਰਿਕਤ ਉਪਾਅ ਦੇ ਰੂਪ ਵਿੱਚ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ (MHA) ਨੇ ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ (CFSL), ਰਾਜ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ (SFSL) ਅਤੇ ਰਾਸ਼ਟਰੀ ਫੋਰੈਂਸਿਕ ਵਿਗਿਆਨ ਯੂਨੀਵਰਸਿਟੀ (NFSU) ਪ੍ਰਯੋਗਸ਼ਾਲਾਵਾਂ ਦੀਆਂ ਸੇਵਾਵਾਂ ਉਪਲਬਧ ਕਰਵਾਉਣ ਦਾ ਫੈਸਲਾ ਕੀਤਾ ਹੈ, ਜੋ ਨੇਪਾਲ ਵਿੱਚ ਅਚਾਨਕ ਆਏ ਹੜ੍ਹ ਤੋਂ ਬਾਅਦ ਲਾਪਤਾ ਰਹਿਣ ਵਾਲੇ ਵਿਅਕਤੀਆਂ ਦੇ ਨਜ਼ਦੀਕੀ ਜੈਵਿਕ ਸੰਬੰਧੀਆਂ ਦੀ DNA ਪ੍ਰੋਫਾਈਲਿੰਗ ਕਰਨਗੀਆਂ।

3. ਇਸ ਅਨੁਸਾਰ, ਭਾਰਤ ਵਿੱਚ ਰਹਿਣ ਵਾਲੇ ਨਜ਼ਦੀਕੀ ਜੈਵਿਕ ਰਿਸ਼ਤੇਦਾਰਾਂ, ਜਿਵੇਂ ਕਿ ਪਿਤਾ, ਮਾਤਾ, ਪੁੱਤਰ, ਧੀ ਜਾਂ ਭੈਣ-ਭਰਾ, ਦੇ ਜੈਵਿਕ ਨਮੂਨੇ ਇੱਥੇ ਇਕੱਠੇ ਕੀਤੇ ਜਾ ਸਕਦੇ ਹਨ ਅਤੇ ਹੇਠਾਂ ਦਿੱਤੀਆਂ ਸਹੂਲਤਾਂ 'ਤੇ DNA ਪ੍ਰੋਫਾਈਲ ਤਿਆਰ ਕੀਤੇ ਜਾ ਸਕਦੇ ਹਨ:

(ੳ) ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ (CFS);

(ਅ) ਰਾਜ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ (SFSLs);

(ੲ) ਰਾਸ਼ਟਰੀ ਫੋਰੇਂਸਿਕ ਵਿਗਿਆਨ ਯੂਨੀਵਰਸਿਟੀ (NFSU) ਦੀਆਂ ਪ੍ਰਯੋਗਸ਼ਾਲਾਵਾਂ; ਅਤੇ

(ਸ) DNA ਪ੍ਰੋਫਾਈਲਿੰਗ ਸਮਰੱਥਾ ਵਾਲੀਆਂ NABL- ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾਵਾਂ।

4. DNA ਪ੍ਰੋਫਾਈਲਿੰਗ ਸੁਵਿਧਾਵਾਂ ਵਾਲੇ ਸਰਕਾਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ/ਸੰਪਰਕ ਬਿੰਦੂਆਂ ਦੀ ਸੂਚੀ ਨੂੰ ਪਰਿਸ਼ਿਸ਼ਟ । ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ । ਪਰਿਸ਼ਿਸ਼ਟ ਵਿੱਚ ਨਮੂਨੇ ਇੱਕਤਰ ਕਰਨ ਅਤੇ DNA ਪ੍ਰੋਫਾਈਲ ਦੀ ਤਿਆਰੀ ਦੀ ਸਹੂਲਤ ਲਈ ਜੈਵਿਕ ਨਮੂਨੇ ਇੱਕਤਰ ਕਰਨ ਦਾ ਫਾਰਮ ਵੀ ਸ਼ਾਮਲ ਹੈ।

5. ਜਿਵੇਂ ਕਿ ਨੇਪਾਲ ਪੁਲਿਸ ਵਲੋਂ ਸਲਾਹ ਦਿੱਤੀ ਗਈ ਹੈ, ਨੇਪਾਲੀ ਅਧਿਕਾਰੀਆਂ ਵਲੋਂ ਸੁਚਿਤ ਤਕਨੀਕੀ ਜ਼ਰੂਰਤਾਂ ਦੇ ਅਧੀਨ, ਪਛਾਣ ਦੇ ਉਦੇਸ਼ ਲਈ ਆਟੋਸੋਮਲ STR DNA ਪ੍ਰੋਫਾਈਲਿੰਗ ਕੀਤੀ ਜਾ ਸਕਦੀ ਹੈ। ਇਸ ਸੰਬੰਧ ਵਿੱਚ ਹੈਲਪਲਾਈਨ ਨੰਬਰ ਹੈ: +977 9841 6160 95।

6. ਇੱਕ ਵਾਰ ਤਿਆਰ ਹੋਣ ਤੋਂ ਬਾਅਦ, ਨੇਪਾਲੀ ਅਧਿਕਾਰੀਆਂ ਵਲੋਂ ਲੋੜੀਂਦੀ ਸ਼ੁਰੂਆਤੀ ਜਾਣਕਾਰੀ ਦੇ ਨਾਲ-ਨਾਲ DNA ਪ੍ਰੋਫ਼ਾਈਲ ਨੂੰ ਅਣਪਛਾਤੇ ਮ੍ਰਿਤਕ ਅਵਸ਼ੇਸ਼ ਤੋਂ ਪ੍ਰਾਪਤ DNA ਪ੍ਰੋਫ਼ਾਈਲ ਦੀ ਤੁਲਨਾ ਲਈ dnacodis[at]nepalpolice[dot]gov[dot]np ਨੂੰ ਈ-ਮੇਲ ਰਾਹੀਂ ਭੇਜਿਆ ਜਾ ਸਕਦਾ ਹੈ। ਭਾਰਤ ਦੇ ਦੂਤਾਵਾਸ, ਕਾਠਮੰਡੂ ਵਲੋਂ ਸਹੂਲਤ ਅਤੇ ਤਾਲਮੇਲ ਲਈ, DNA ਪ੍ਰੋਫ਼ਾਈਲ ਦੀ ਇੱਕ ਕਾਪੀ eoikathmandufloodsupport[at]gmail[dot]com 'ਤੇ ਵੀ ਭੇਜੀ ਜਾ ਸਕਦੀ ਹੈ

ਨਵੀਂ ਦਿੱਲੀ

03 ਸਤੰਬਰ 2026